ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜ੍ਹਕਾਂ - 1 ਸ਼ਾਖਾ)

ਸੇਵਾ ਵਿਖੇ

ਮੁੱਖ ਇੰਜਨੀਅਰ (ਕੁਆਲਟੀ ਕੰਟਰੋਲ)
ਪੰਜਾਬ ਲੋਕ ਨਿਰਮਾਣ ਵਿਭਾਗ
ਭਵਨ ਅਤੇ ਮਾਰਗ ਸ਼ਾਖਾ
ਮੋਹਾਲੀ।

ਮੀਮੋ ਨੰ:10/91/2017-ਇਸ1(3)/ 16|9|44|1
ਮਿਤੀ:01|01|2020

ਵਿਸ਼ਾ:- Upgradation and widening of Boothgarh to Manakpur Sharif Road (10' to 22') length = 1700 mtr, The Kharar, Distt Mohali.

----------

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 2752 ਮਿਤੀ 23.10.19 ਦੇ ਹਵਾਲੇ ਵਿੱਚ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਕੇਸ ਵਿੱਚ ਸ਼ਾਮਲ ਠੇਕੇਦਾਰ ਨੂੰ ਡਿਬਾਰ ਕਰਨ ਦੇ ਹੁਕਮ ਵਾਪਸ ਲੈਣ ਸਬੰਧੀ ਸਰਕਾਰ ਦੇ ਪੱਧਰ ਤੇ ਕੋਈ ਫੈਸਲਾ ਨਹੀਂ ਹੋਇਆ ਹੈ। ਇਸ ਸਬੰਧੀ ਮੁੱਖ ਇੰਜੀਨੀਅਰ ਹੈਡਕੁਆਟਰ ਵਲੋਂ ਜਾਰੀ ਪੱਤਰ ਮਿਤੀ 06.06.2018 ਜਿਸ ਵਿੱਚ ਲਿਖਿਆ ਗਿਆ ਹੈ ਕਿ ਮਿਤੀ 15.05.2018 ਨੂੰ ਸਕੱਤਰ ਲੋਕ ਨਿਰਮਾਣ ਜੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਪੱਤਰ ਜਾਰੀ ਕੀਤਾ ਗਿਆ ਹੈ, ਤਰਕ ਸੰਗਤ ਨਹੀਂ ਹੈ ਕਿਉਂਕਿ ਇਸ ਪੱਤਰ ਵਿੱਚ ਲਿਖੇ ਅਨੁਸਾਰ ਕਮੇਟੀ ਦੀ ਰਿਪੋਰਟ ਤੇ ਫੈਸਲਾ ਆਉਣ ਤੱਕ ਆਰਜੀ ਤੌਰ ਤੇ ਟੈਂਡਰ ਪ੍ਰਕਿਰਿਆ ਵਿੱਚ ਹਿੱਸਾ ਲੈਣ ਸਬੰਧੀ ਸਰਕਾਰ ਦੇ ਪੱਧਰ ਤੇ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ।

3. ਇਸ ਦੇ ਨਾਲ ਹੀ ਆਪ ਨੂੰ ਲੋਕ ਨਿਰਮਾਣ ਮੰਤਰੀ ਜੀ ਦੇ ਨੋਟ ਨੰ: 686 ਮਿਤੀ 09.10.2019 ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਉਨ੍ਹਾ ਵੱਲੋਂ ਮੰਗੀ ਗਈ ਪੜਤਾਲ ਰਿਪੋਰਟ ਤੁਰੰਤ ਵਿਸ਼ੇਸ਼ ਹਰਕਾਰੇ ਰਾਹੀ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

4. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਵਿਸ਼ੇਸ਼ ਸਕੱਤਰ, ਲੋਕ ਨਿਰਮਾਣ

Scanned by CamScanner